International Journal of Applied Research 2017; 3(8): 111-114




**ISSN Print:** 2394-7500
**ISSN Online:** 2394-5869
**Impact Factor:** 5.2
IJAR 2017; 3(8): 111-114
www.allresearchjournal.com
Received: 13-06-2017
Accepted: 16-07-2017

**ਗੁਰਪ੍ਰੀਤ ਸਿੰਘ**
ਅਸਿਸਟੈਂਟ ਪ੍ਰੋਫ਼ੈਸਰ
ਏ. ਐੱਸ. ਕਾਲਜ, ਖੰਨਾ

**Correspondence**
**ਗੁਰਪ੍ਰੀਤ ਸਿੰਘ**
ਅਸਿਸਟੈਂਟ ਪ੍ਰੋਫ਼ੈਸਰ
ਏ. ਐੱਸ. ਕਾਲਜ, ਖੰਨਾ

# ਅਨੂਪ ਵਿਰਕ ਦਾ ਕਾਵਿ-ਚਿੰਤਨ (ਹਜ਼ਾਰ ਹਰਫ਼ ਹਮੇਸ਼ ਦੇ ਸੰਦਰਭ ਵਿੱਚ)

**ਗੁਰਪ੍ਰੀਤ ਸਿੰਘ**

ਅਨੂਪ ਵਿਰਕ ਪੰਜਾਬ ਅਤੇ ਪੰਜਾਬੀਅਤ ਨੂੰ ਪ੍ਰਣਾਇਆ ਕਵੀ ਹੈ। ਉਸ ਨੇ ਆਪਣੀਆਂ ਕਵਿਤਾਵਾਂ ਅਤੇ ਗੀਤਾਂ ਰਾਹੀਂ ਪੰਜਾਬੀ ਬੰਦੇ ਦੀ ਵੇਦਨਾ ਤੇ ਸੰਵੇਦਨਾ ਨੂੰ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਉਸ ਦਾ ਪੰਜਾਬ ਅਤੇ ਪੰਜਾਬੀਅਤ ਲਈ ਮੋਹ ਉਸ ਦੀ ਕਾਵਿ-ਸਾਧਨਾ ਵਿੱਚੋਂ ਭਲੀਭਾਂਤ ਜ਼ਾਹਿਰ ਹੁੰਦਾ ਹੈ। ਉਹ ਖ਼ੁਦ ਵੀ ਪੰਜਾਬ ਨੂੰ ਆਪਣਾ ਮਹਿਬੂਬ ਸੱਦਦਿਆਂ ਕਹਿੰਦਾ ਹੈ,

ਐ ਮੇਰੇ ਪੰਜਾਬ, ਮਾਂ ਦੁੱਧ ਜਿਹੀ ਕੱਚੀ ਉਮਰੇ ਮੈਂ ਤੇਰੇ ਸੰਗ ਇਸ਼ਕ ਕੀਤੈ। ਖ਼ਬਰੈ ਤੂੰ ਮੇਰਾ ਮਹਿਬੂਬ ਏਂ, ਮਾਂ ਏਂ ਵੀਰ ਏਂ ਜਾਂ ਸੁੱਖੀਂ ਲੱਧਾ ਬਾਬਲ ਏਂ। ਮੈਂ ਤਾਂ ਬੱਸ ਏਹੋ ਜਾਣਦਾ ਹਾਂ ਕਿ ਤੂੰ ਮੇਰੀ ਰੂਹ ਏਂ, ਮੇਰਾ ਇਮਾਨ ਏਂ, ਮੇਰੀ ਜਿੰਦ ਜਾਨ ਏਂ। ਬਾਲ ਵਰੇਸੇ ਮੇਰੀਆਂ ਨਿਰਛਲ ਅੱਖੀਆਂ ਨੇ ਜੋ ਪਹਿਲਾ ਸੁਫ਼ਨਾ ਲਿਆ ਹੋਵੇਗਾ, ਉਹ ਤੇਰੀ ਹੁਸੀਨ ਨੁਹਾਰ ਲਈ ਮੇਰੀ ਪਹਿਲੀ ਇਬਾਦਤ ਹੋਵੇਗੀ। ਮੈਂ ਤੈਨੂੰ ਪੂਜਿਆ ਖ਼ੁਦਾ ਵਾਂਗ ਨਹੀਂ, ਰਾਂਝਣ ਸਾਰ ਵਾਂਗ।[1]

ਸਪਸ਼ਟ ਹੈ ਕਿ ਅਨੂਪ ਵਿਰਕ ਪੰਜਾਬ ਪਿਆਰ ਨਾਲ ਨੱਕੋ-ਨੱਕ ਭਰਿਆ ਹੋਇਆ ਹੈ। ਪੰਜਾਬੀਅਤ ਲਈ ਉਸ ਦਾ ਇਹ 'ਨਿਰਛਲ ਪਿਆਰ' ਉਸ ਦੀਆਂ ਕਾਵਿ-ਰਚਨਾਵਾਂ ਵਿੱਚੋਂ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ। ਉਹ ਹਮੇਸ਼ਾ ਪੰਜਾਬ ਦੀ ਮਿੱਟੀ ਦੀ ਮਹਿਕ ਨੂੰ ਮਨ ਵਿੱਚ ਸਮਾ ਕੇ ਰੱਖਣਾ ਲੋਚਦਾ ਹੈ,

ਮੇਰੇ ਬੋਲ ਹਵਾ ਵਿੱਚ ਰਹਿਣ ਸਦਾ
ਮੇਰਾ ਐਸਾ ਕੋਈ ਵਿਸ਼ਵਾਸ ਨਹੀਂ
ਲੋਕੀਂ ਨਾਮ ਹਮੇਸ਼ਾ ਲੈਣ ਮੇਰਾ
ਮੇਰੀ ਐਸੀ ਵੀ ਕੋਈ ਖਾਹਸ਼ ਨਹੀਂ
ਬਸ ਮਹਿਕ ਨਾ ਭੁੱਲਣ ਮਿੱਟੀ ਦੀ
ਜਿਹੜੇ ਗੀਤ ਸਮੁੰਦਰੋਂ ਪਾਰ ਗਏ।
(ਹਜ਼ਾਰ ਹਰਫ਼ ਹਮੇਸ਼, ਪੰਨਾ 33)

ਕਵੀ ਜਿਸ ਸਮਾਜਿਕ ਚੌਗਿਰਦੇ ਵਿੱਚ ਵਿਚਰਦਾ ਹੈ ਉਸ ਤੋਂ ਹੀ ਕਾਵਿ-ਸਿਰਜਣਾ ਲਈ ਪ੍ਰੇਰਨਾ ਲੈਂਦਾ ਹੈ। ਅਰਥਾਤ ਆਪਣੇ ਆਲੇ-ਦੁਆਲੇ ਘਟਿਤ ਹੁੰਦੇ ਵਰਤਾਰਿਆਂ ਨੂੰ ਕਵੀ ਵਿਸ਼ੇਸ਼ ਦ੍ਰਿਸ਼ਟੀ ਤੋਂ ਨਿਰਖਦਾ-ਪਰਖਦਾ ਹੈ ਅਤੇ ਆਪਣੇ ਜੀਵਨ ਫ਼ਲਸਫ਼ੇ ਨਾਲ ਆਤਮਸਾਤ ਕਰ ਕੇ ਕਵਿਤਾ ਦੇ ਰੂਪ ਵਿੱਚ ਪੇਸ਼ ਕਰਦਾ ਹੈ।''ਕਾਵਿ ਇਕ ਪ੍ਰਕਾਰ ਦਾ ਗਿਆਨ ਹੈ। ਜੇ ਵਿਗਿਆਨੀ ਸੰਸਾਰ ਬਾਰੇ ਗਿਆਨ ਪ੍ਰਾਪਤ ਕਰਨ ਦਾ ਇਛੁਕ ਹੈ, ਤਾਂ ਕਲਾਕਾਰ ਵੀ ਕੁਝ ਘੱਟ ਇਛੁਕ ਨਹੀਂ। ਜਿਗਿਆਸਾ ਮਨੁੱਖੀ ਪ੍ਰਕਿਰਤੀ ਦਾ ਬੁਨਿਆਦੀ ਅੰਗ ਹੈ। ਕਾਵਿ-ਪ੍ਰਕਿਰਤੀ ਦੀਆਂ ਜੜ੍ਹਾਂ ਮਨੁੱਖੀ-ਪ੍ਰਕਿਰਤੀ ਵਿੱਚ ਹਨ।''[2] ਅਨੂਪ ਵਿਰਕ ਇੱਕ ਚੇਤੰਨ ਸ਼ਾਇਰ ਹੋਣ ਦੇ ਨਾਤੇ ਕਵਿਤਾ ਦੇ ਅਜਿਹੇ ਚਰਿਤਰ

ਤੋਂ ਵਾਕਿਫ਼ ਹੈ। ਉਸ ਅਨੁਸਾਰ ਕਾਵਿ ਤੇ ਕਵਿਤਾ ਦਾ ਫ਼ਰਜ਼ ਸਮਾਜਿਕ ਕਰਮ ਦੀ ਪੜਚੋਲ ਕਰਦਿਆਂ ਕਲਾਤਮਿਕ ਰੂਪ ਵਿੱਚ ਸੱਚ ਦੀ ਨਿਸ਼ਾਨਦੇਹੀ ਕਰਨਾ ਹੁੰਦਾ ਹੈ,

> ਕਵਿਤਾ ਕਸਮ ਕਰਾਰ ਕਬੂਲਦੀ ਏ, ਅਕਲ ਇਲਮ ਦੇ ਅੰਬਰੀ ਝੂਲਦੀ ਏ
> ਕਵਿਤਾ ਹੁਸਨ ਹੈ ਸ਼ਬਦ ਸੁਹੰਦੜੇ ਦਾ, ਸਦਾ ਝੂਠ ਫਰੇਬ ਤੇ ਝੂਰਦੀ ਏ
> ਕਵਿਤਾ ਬਖ਼ਸ਼ਦੀ ਦਰਦ ਫ਼ਿਰਾਕ ਹੰਝੂ, ਤੇ ਵਿਯੋਗ ਵੈਰਾਗ ਵਸੂਲਦੀ ਏ
> ਕਵਿਤਾ ਸੂਝ ਸਿਆਣਪ ਦੀ ਸ਼ਰ੍ਹਾ ਹੁੰਦੀ, ਇਹ ਰਹਿਤ ਮਰਿਆਦਾ ਅਸੂਲ ਦੀ ਏ
> ਕਵਿਤਾ ਸੱਚ ਤੇ ਸੁੱਚ ਦਾ ਸੁਖਨ ਹੁੰਦੀ, ਮਹਿਕ ਮਿੱਟੀ ਦੇ ਮੁੱਢ ਦੇ ਮੂਲ ਦੀ ਏ
> ਕਵਿਤਾ ਕਬਰ ਦੇ ਵਾਂਗ ਨਾ ਕਦੇ ਸੌਂਦੀ, ਪੌਣ ਪਾਣੀ ਦਾ ਸੰਗ ਕਬੂਲਦੀ ਏ
>
> (ਹਜ਼ਾਰ ਹਰਫ਼ ਹਮੇਸ਼, ਪੰਨਾ 19)

ਕਵੀ ਇਸ ਗੱਲ ਪ੍ਰਤਿ ਸੁਚੇਤ ਹੈ ਕਿ ਕਾਵਿ-ਸਿਰਜਣਾ ਇੱਕ ਸਾਧਨਾ ਤੇ ਇੱਕ ਜ਼ਿੰਮੇਵਾਰੀ ਹੁੰਦੀ ਹੈ। ਸ਼ਾਇਰ ਲਈ ਲਾਜ਼ਮੀ ਹੈ ਕਿ ਉਹ ਲੋਕਾਂ ਵਿੱਚ ਵਿਚਰੇ ਅਤੇ ਲੋਕਾਂ ਦੀ ਆਵਾਜ਼ ਬਣੇ। ਕਵਿਤਾ ਹਾਕਮ ਦੇ ਮਹਿਲਾਂ ਵਿੱਚ ਨੁਮਾਇਸ਼ ਨਾ ਬਣ ਕੇ ਲੋਕ ਪੀੜਾ ਨੂੰ ਸੱਤਾ ਦੇ ਦਰਬਾਰ ਤੱਕ ਪਹੁੰਚਾਉਣ ਵੱਲ ਰੁਚਿਤ ਹੋਣੀ ਚਾਹੀਦੀ ਹੈ। ਜਨ-ਸਮੂਹ ਦੇ ਕਲਿਆਣ ਨਾਲ ਜੁੜੇ ਵਿਚਾਰ ਹੀ ਲੋਕਾਂ ਵਿੱਚ ਪ੍ਰਵਾਨ ਹੁੰਦੇ ਹਨ,

> ਸ਼ਾਇਰਾਂ ਲਈ ਇਹ ਅਰਦਾਸ ਮੇਰੀ
> ਤੁਹਾਡੀ ਸ਼ਾਇਰੀ ਵਿੱਚ ਅਸਮਾਨ ਰਹੇ
> ਤੁਸੀਂ ਤਾਰੇ ਤੋੜੋ ਅਰਸ਼ਾਂ ਦੇ
> ਪਰ ਮਿੱਟੀ ਲਈ ਸਨਮਾਨ ਰਹੇ
> ਉਹੀ ਸ਼ਾਇਰ ਸਦਾ ਪ੍ਰਵਾਨ ਹੋਏ
> ਜੋ ਲੋਕਾਂ ਦੇ ਵਿਚਕਾਰ ਗਏ
> (ਹਜ਼ਾਰ ਹਰਫ਼ ਹਮੇਸ਼, ਪੰਨਾ 33)

ਲੋਕ ਜੀਵਨ ਨੂੰ ਨੇੜਿਓਂ ਦੇਖਣ ਤੇ ਹੰਢਾਉਣ ਵਾਲਾ ਮਨੁੱਖ ਹੀ ਲੋਕ-ਪੀੜਾ ਨੂੰ ਸਮਝ ਸਕਦਾ ਹੈ। ਅਜਿਹਾ ਸੱਚਾ ਤੇ ਸੰਵੇਦਨਸ਼ੀਲ ਮਨੁੱਖ ਸਮਾਜਿਕ ਕਲਿਆਣ ਤੇ ਬਿਹਤਰੀ ਲਈ ਯਤਨਸ਼ੀਲ ਹੁੰਦਾ ਹੈ। ਆਪਣੇ-ਪਰਾਏ, ਜ਼ਾਤ-ਪਾਤ ਤੋਂ ਉੱਚਾ ਉੱਠ ਕੇ ਸਮੁੱਚੀ ਮਨੁੱਖਤਾ ਨੂੰ ਬਰਾਬਰ ਸਮਝਣ ਵਾਲੇ ਮਨੁੱਖ ਅੰਦਰੋਂ ਕਵਿਤਾ ਫੁੱਟ ਨਿਕਲਦੀ ਹੈ। ''ਅਜੋਕੇ ਦੌਰ ਵਿੱਚ ਫਿਲਮਾਂ, ਟੈਲੀਵੀਜ਼ਨ ਅਤੇ ਸੰਚਾਰ ਮਾਧਿਅਮਾਂ ਦੁਆਰਾ ਪ੍ਰਚਾਰਿਤ ਤੇ ਪ੍ਰਸਾਰਿਤ ਕੀਤੇ ਜਾ ਰਹੇ ਕੀਮਤ ਪ੍ਰਬੰਧ ਨੂੰ ਜੇਕਰ ਅਸੀਂ ਗਹੁ ਨਾਲ ਵੇਖੀਏ ਤਦ ਸਾਨੂੰ ਪਤਾ ਲਗਦਾ ਹੈ ਕਿ ਪੇਸ਼ ਤੇ ਪ੍ਰਸਤੁਤ ਕੀਤਾ ਜਾ ਰਿਹਾ ਸਮੁੱਚਾ ਕੀਮਤ ਪ੍ਰਬੰਧ ਮਨੁੱਖ ਅੰਦਰਲੀ ਮਾਸੂਮੀਅਤ, ਇਨਸਾਨੀਅਤ, ਸਹਿਜਤਾ, ਸੁੰਦਰਤਾ, ਬਾਲਪਣ ਉਪਰ ਗਹਿਰੀ ਸੱਟ ਮਾਰ ਰਿਹਾ ਹੈ। ਇਨ੍ਹਾਂ ਜਜ਼ਬਿਆਂ ਦੇ ਵਿਕਾਸ ਵਿੱਚ ਪੂਰਨ ਇਨਸਾਨੀ ਸੰਭਾਵਨਾਵਾਂ ਛੁਪੀਆਂ ਹੁੰਦੀਆਂ ਹਨ। ਅਜੋਕੇ ਸਾਹਿਤਕਾਰ ਦਾ ਇਹ ਪਰਮ ਕਰਤੱਵ ਬਣਦਾ ਹੈ ਕਿ ਉਹ ਮਨੁੱਖ ਦੇ ਇਨ੍ਹਾਂ ਮੂਲ ਮਾਨਵੀ ਜਜ਼ਬਿਆਂ ਦੀ ਹਿਫ਼ਾਜ਼ਤ ਕਰੇ, ਇਨ੍ਹਾਂ ਦੀ ਪਰਵਰਿਸ਼ ਕਰੇ ਤੇ ਇਨ੍ਹਾਂ ਦੀ ਉਸਾਰੀ ਲਈ ਸੁਚੇਤ ਰੂਪ ਵਿੱਚ ਯਤਨ ਕਰੇ।''[3] ਅਨੂਪ ਵਿਰਕ ਅਜਿਹਾ ਹੀ ਸ਼ਾਇਰ ਹੈ ਜਿਹੜਾ ਸਮੁੱਚੀ ਕਾਇਨਾਤ ਵਿੱਚ ਵਸਦੇ ਪ੍ਰਾਣੀਆਂ ਦਾ ਖ਼ੈਰਖ਼ਾਹ ਹੈ। ਸਾਡੇ ਧਾਰਮਿਕ ਰਹਿਬਰਾਂ ਤੇ ਅਧਿਆਤਮਿਕ ਦਰਸ਼ਨਾਂ ਨੇ ਸਾਨੂੰ ਇਹੋ ਸਿਖਾਇਆ ਸੀ ਪਰ ਬਦਕਿਸਮਤੀ ਨਾਲ ਮਨੁੱਖ ਇਨ੍ਹਾਂ ਧਰਮਾਂ ਵਿੱਚ ਫਸ ਕੇ ਹੈਵਾਨ ਬਣ ਗਿਆ। ਇਸੇ ਲਈ ਕਵੀ ਸਾਰੇ ਧਰਮਾਂ ਤੋਂ ਉਪਰ ਉੱਠ ਕੇ ਨੇਕ-ਦਿਲ ਇਨਸਾਨ ਬਣਨ ਦਾ ਮਸ਼ਵਰਾ ਦਿੰਦਾ ਹੈ। ਇਨਸਾਨ ਹੀ ਇਨਸਾਨ ਦੀ ਦਾਰੂ ਹੋਣਾ ਚਾਹੀਦਾ ਹੈ। ਆਪਣੇ ਹੰਕਾਰ ਤੇ ਸਵਾਰਥ ਦੀ ਜਕੜ ਵਿੱਚ ਜਕੜਿਆ ਮਨੁੱਖ ਕਦੇ ਮਾਨਸਿਕ ਸ਼ਾਂਤੀ ਤੇ ਸੰਸਾਰਿਕ ਸੁੱਖ ਨਹੀਂ ਮਾਣ ਸਕਦਾ। ਇਸੇ ਲਈ ਅਨੂਪ ਵਿਰਕ ਕਹਿੰਦਾ ਹੈ ਕਿ ਮਿੱਟੀ ਨੂੰ ਮਿੱਟੀ ਦੀ ਕਦਰ ਕਰਨੀ ਚਾਹੀਦ ਹੈ,

> ਜਿਹੜੀ ਮਿੱਟੀ ਕੋਲੋਂ ਮਿੱਟੀ ਨੂੰ ਆਰਾਮ ਨਾ ਮਿਲੇ
> ਉਹਨੂੰ ਮੱਕਾ ਨਾ ਮਿਲੇ ਉਹਨੂੰ ਰਾਮ ਨਾ ਮਿਲੇ
> . . . . . . . . . . . . . . . . . . . . .
> . . . . . . . . . . . . . . . . . . . . .
> ਜਿਹੜੇ ਮਿੱਟੀਆਂ ਦੇ ਮਨਾਂ ਵਿੱਚ ਫਿੱਕ ਪਾਣਗੇ
> ਉਹੋ ਮਿੱਟੀਆਂ ਦੇ ਮਨਾਂ ਵਿੱਚੋਂ ਮਿੱਟ ਜਾਣਗੇ
> . . . . . . . . . . . . . . . . . . . . .
> . . . . . . . . . . . . . . . . . . . . .
> ਜਾਤ ਮਿੱਟੀ ਦੀ ਜੋ ਪੁੱਛੇ ਰੁੱਖ ਸੁੱਕ ਜਾਣਗੇ
> ਜਿਹੜੇ ਮਿੱਟੀ ਨਾਲੋਂ ਟੁੱਟੇ ਮਰ ਮੁੱਕ ਜਾਣਗੇ
> ਜੁੜੋ ਮਿੱਟੀ ਸੰਗ ਪੌਣਾਂ ਦਾ ਪੈਗ਼ਾਮ ਜੋਗੀਆ
>
> (ਹਜ਼ਾਰ ਹਰਫ਼ ਹਮੇਸ਼, ਪੰਨਾ 42)

ਇੱਥੇ ਕਵੀ ਦੁਆਰਾ ਵਰਤਿਆ ਗਿਆ ਚਿੰਨ੍ਹ 'ਮਿੱਟੀ' ਅਨੇਕ ਅਰਥਾਂ ਦਾ ਪ੍ਰਤਿਪਾਦਨ ਕਰਦਾ ਹੈ। ਇਹ ਕਵੀ ਦੀ ਕਲਾਤਮਿਕਤਾ ਹੈ ਕਿ ਉਸ ਨੇ ਇਸ ਇੱਕ ਚਿੰਨ੍ਹ ਰਾਹੀਂ ਮਨੁੱਖਤਾ ਦੇ ਅਨੇਕ ਨੈਤਿਕ ਪ੍ਰਸੰਗਾਂ ਦੀ ਨਿਸ਼ਾਨਦੇਹੀ ਕੀਤੀ ਹੈ। ਕਵੀ ਦੀ ਅਜਿਹੀ ਕਲਾਤਮਿਕ ਪ੍ਰਤਿਭਾ ਦਾ ਪ੍ਰਗਟਾਵਾ ਕਰਦੀ ਇੱਕ ਹੋਰ ਕਵਿਤਾ 'ਪਾਣੀ' ਜ਼ਿਕਰਯੋਗ ਹੈ। ਇਸ ਕਵਿਤਾ ਵਿੱਚ ਕਵੀ ਨੇ ਪਾਣੀ ਦੇ ਚਿੰਨ੍ਹ ਰਾਹੀਂ ਮਨੁੱਖ ਨੂੰ ਅਜਿਹੇ ਆਦਰਸ਼ਕ ਸਮਾਜਿਕ ਚਰਿਤਰ ਦਾ ਧਾਰਨੀ ਹੋਣ ਲਈ ਪ੍ਰੇਰਿਆ ਹੈ ਜਿਹੜਾ ਦੂਜੇ ਮਨੁੱਖਾਂ ਨੂੰ ਸੁਕੂਨ ਤੇ ਸਹੂਲਤ ਦੇਣ ਵਾਲਾ ਹੋਵੇ,

> ਜਿਹੜਾ ਪਾਣੀ ਹਵਾਵਾਂ ਦਾ ਆਦਰ ਕਰੇ
> ਉਹ ਔੜਾਂ 'ਚ ਬਣ ਕੇ ਘਟਾਵਾਂ ਵਰ੍ਹੇ
> ਉਹਨੂੰ ਧੀਆਂ ਤੇ ਤੀਆਂ ਉਡੀਕਣ ਸਦਾ
> ਉਹ ਤੇ ਬੋਹੜਾਂ ਤੇ ਪਿੱਪਲਾਂ ਦੀ ਛਾਵਾਂ ਜਿਹਾ
> ਪਾਣੀ ਲੋਕਾਂ ਦੇ ਦੁੱਖ ਦਾ ਹੁੰਗਾਰਾ ਬਣੇ
> ਉਹ ਮੁਰੀਦਾਂ ਦਾ ਮਿੱਤਰ ਪਿਆਰਾ ਬਣੇ
> ਉਹਦੇ ਕਦਮਾਂ ਲਈ ਧਰਤੀ ਹੈ ਸੌੜੀ ਜਿਹੀ
> ਅੰਬਰ ਹੱਥ ਦਾ ਲੱਗੇ ਪਰਛਾਵਾਂ ਜਿਹਾ
>
> (ਹਜ਼ਾਰ ਹਰਫ਼ ਹਮੇਸ਼, ਪੰਨਾ 75)

ਅਜਿਹੇ ਕਲਿਆਣਕਾਰੀ ਚਰਿਤਰ ਦਾ ਧਾਰਨੀ ਮਨੁੱਖ ਦੈਵੀ ਹੋ ਨਿਬੜਦਾ ਹੈ। ਉਸ ਦਾ ਹਿਰਦਾ ਇੰਨਾ ਵਿਸ਼ਾਲ ਹੋ ਜਾਂਦਾ ਹੈ ਕਿ ਉਹ ਸਮੁੱਚੀ ਕਾਇਨਾਤ ਵਿੱਚ ਪਸਰ ਕੇ ਸਭ ਨੂੰ ਆਪਣਾ ਕਰ ਕੇ ਜਾਣਦਾ ਹੈ। ਪਰੰਤੂ ਇਸ ਦੇ ਵਿਪਰੀਤ ਹਉਮੈ ਵਿੱਚ ਗ੍ਰਸਿਆ ਮਨੁੱਖ ਭਾਵੇਂ ਕਿੰਨਾ ਹੀ ਵੱਡਾ ਤੇ ਬਲਵਾਨ ਕਿਉਂ ਨਾ ਹੋਵੇ ਅੰਤ ਨੂੰ ਖੀਣ ਹੋ ਕੇ ਨਸ਼ਟ ਹੋ ਜਾਂਦਾ ਹੈ,

ਜਿਹੜਾ ਸਾਗਰ ਦੀ ਹਉਮੈਂ ਦੀ ਹਾਮੀ ਭਰੇ
ਉਹਦੀ ਫਿਤਰਤ ਨੂੰ ਕੁਦਰਤ ਵੀ ਖਾਰਾ ਕਰੇ
ਉਹਨੂੰ ਪੀ ਕੇ ਵੀ ਪੰਛੀ ਪਿਆਸਾ ਰਹੇ
ਉਹ ਕੌੜੇ ਕੁਸੈਲੇ ਸੁਭਾਵਾਂ ਜਿਹਾ
(ਹਜ਼ਾਰ ਹਰਫ਼ ਹਮੇਸ਼, ਪੰਨਾ 75)

ਅਨੂਪ ਵਿਰਕ ਮਨੁੱਖਤਾ ਦੀ ਹਾਮੀ ਭਰਨ ਵਾਲਾ ਮਾਨਵਵਾਦੀ ਸ਼ਾਇਰ ਹੈ। ਉਸ ਦੀ ਕਵਿਤਾ ਦਾ ਮੁੱਖ ਸੁਰ ਮਨੁੱਖੀ ਬਰਾਬਰੀ ਤੇ ਕਲਿਆਣ ਦਾ ਹੈ। ਉਹ ਮਨੁੱਖਤਾ ਨੂੰ ਧਰਮ, ਜ਼ਾਤ ਤੇ ਕੌਮ ਦੇ ਨਾਮ 'ਤੇ ਵੰਡਣ ਵਾਲੀ ਵਿਚਾਰਧਾਰਾ ਦਾ ਵਿਰੋਧੀ ਹੈ। ਉਸ ਅਨੁਸਾਰ ਕਾਵਿ-ਸਿਰਜਣਾ ਅਜਿਹੀ ਸਾਧਨਾ ਹੈ ਜਿਹੜੀ ਮਨੁੱਖ ਨੂੰ ਸੌੜੇ ਘੇਰਿਆਂ ਵਿੱਚੋਂ ਬਾਹਰ ਕੱਢ ਕੇ ਬ੍ਰਹਿਮੰਡ ਦੀ ਵਿਆਪਕਤਾ ਨਾਲ ਇਕਮਿੱਕ ਕਰ ਦਿੰਦੀ ਹੈ। ਇਸ ਤਰ੍ਹਾਂ ਕਵੀ ਦੀ ਇਹ ਮਾਨਤਾ ਹੈ ਕਿ ਕਵਿਤਾ ਮਨੁੱਖ ਨੂੰ ਗਿਆਨ ਦੇ ਕੇ ਮੁਕਤ ਕਰ ਦਿੰਦੀ ਹੈ। ਸ਼ਬਦ ਨਾਲ ਜੁੜਿਆ ਮਨੁੱਖ ਊਚ-ਨੀਚ, ਅਮੀਰ-ਗ਼ਰੀਬ ਦੇ ਵਖਰੇਵਿਆਂ ਤੋਂ ਉੱਚਾ ਉੱਠ ਕੇ ਪ੍ਰੇਮ ਦੇ ਨਗ਼ਮੇ ਗੁਣਗੁਣਾਉਣ ਲੱਗ ਜਾਂਦਾ ਹੈ,

ਮੈਂ ਕੀਤੀ ਅਰਜ਼ ਸਰਿਸ਼ਟੀ ਨੂੰ
ਮੇਰਾ ਧਰਮ ਜਨਮ ਨਾ ਜਾਤ ਰਹੇ
ਮੈਨੂੰ ਸੁਖਨ ਦੇ ਸੂਰਜ ਬਖ਼ਸ਼ ਦਿਓ
ਹੋਵੇ ਹਸ਼ਰ ਭਾਵੇਂ ਸੁਕਰਾਤ ਜਿਹਾ
(ਹਜ਼ਾਰ ਹਰਫ਼ ਹਮੇਸ਼, ਪੰਨਾ 28)

ਅਨੂਪ ਵਿਰਕ ਦੀ ਕਵਿਤਾ ਦਾ ਇੱਕ ਜ਼ਿਕਰਯੋਗ ਪੱਖ ਸੂਫ਼ੀਆਂ ਵਾਲੀ ਮਸਤੀ ਤੇ ਰੰਗਤ ਹੈ। ਨਿਸ਼ਚੈ ਹੀ ਉਸ ਦੀ ਕਵਿਤਾ ਵਿੱਚ ਪੰਜਾਬੀ ਸੂਫ਼ੀ ਕਾਵਿ ਦਾ ਪ੍ਰਭਾਵ ਪ੍ਰਤੱਖ ਦੇਖਿਆ ਜਾ ਸਕਦਾ ਹੈ। ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਦੀ ਸੁਰ ਤੇ ਭਾਵਨਾ ਵੀ ਸੂਫ਼ੀਆਂ ਵਾਲੀ ਹੈ। ਇਸ ਸੰਦਰਭ ਵਿੱਚ ਉਸ ਦੀ ਕਵਿਤਾ 'ਨਦੀਓਂ ਪਾਰ' ਦੇਖੀ ਜਾ ਸਕਦੀ ਹੈ। ਇੱਥੇ ਕਵੀ ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ ਦੀ ਬੋਲੀ ਬੋਲਦਾ ਪ੍ਰਤੀਤ ਹੁੰਦਾ ਹੈ। ਕਵੀ ਅਜਿਹੇ ਸਮਾਜ/ਸੰਸਾਰ ਦੀ ਸਿਰਜਣਾ ਲੋਚਦਾ ਹੈ ਜਿੱਥੇ ਇਨਸਾਨ ਵੱਸਦੇ ਹੋਣ; ਧਰਮ, ਜ਼ਾਤ-ਪਾਤ, ਊਚ-ਨੀਚ ਦਾ ਪਾਖੰਡ ਨਾ ਹੋਵੇ, ਸੱਚ ਹੋਵੇ,

ਸਾਈਆਂ ਵੇ ਸਾਨੂੰ ਲੈ ਚੱਲ ਨਦੀਓਂ ਪਾਰ
ਸਾਈਆਂ ਵੇ ਸਾਡਾ ਉੱਥੇ ਵਸਦਾ ਯਾਰ
. . . . . . . . . . . . . . . . .
. . . . . . . . . . . . . . . . .
ਓਸ ਪਾਰ ਕੋਈ ਜਾਤ ਨਹੀਂ ਪੁੱਛਦਾ
ਏਸ ਪਾਰ ਕੋਈ ਵਾਤ ਨਹੀਂ ਪੁੱਛਦਾ
. . . . . . . . . . . . . . . . .
. . . . . . . . . . . . . . . . .
ਉਸ ਪਾਰ ਸਾਡਾ ਨੂਰ ਇਲਾਹੀ
ਉਸ ਪਾਰ ਸਾਡਾ ਰਾਂਝਣ ਮਾਹੀ
ਰਾਂਝਣ ਰੂਹ ਦਾ ਰੌਣਕ ਮੇਲਾ
ਰਾਂਝਣ ਰਾਗ ਮਲ੍ਹਾਰ
ਸਾਈਆਂ ਵੇ ਸਾਨੂੰ ਲੈ ਚੱਲ ਨਦੀਓਂ ਪਾਰ
ਸਾਈਆਂ ਵੇ ਸਾਡਾ ਉੱਥੇ ਵਸਦਾ ਯਾਰ
(ਹਜ਼ਾਰ ਹਰਫ਼ ਹਮੇਸ਼, ਪੰਨਾ 43)

ਅਨੂਪ ਵਿਰਕ ਦੀ ਕਾਵਿ-ਸਾਧਨਾ ਮਨੁੱਖ ਨੂੰ ਮਨੁੱਖ ਨਾਲ ਜੋੜਨ ਦੀ ਸਾਧਨਾ ਤੇ ਉਪਰਾਲਾ ਹੈ। ਕਵੀ ਇਸ ਸੱਚਾਈ ਤੋਂ ਜਾਣੂ ਹੈ ਕਿ ਮਨੁੱਖ, ਮਨੁੱਖ ਤੋਂ ਟੁੱਟ ਕੇ ਖ਼ੁਸ਼ ਤੇ ਸੁਖੀ ਨਹੀਂ ਹੋ ਸਕਦਾ। ਸ੍ਰਿਸ਼ਟੀ ਦਾ ਹਰ ਪ੍ਰਾਣੀ ਅੱਡ ਹੋ ਕੇ ਵੀ ਵਿਆਪਕਤਾ ਦੇ ਬੰਧਨ ਵਿੱਚ ਬੰਨ੍ਹਿਆ ਹੋਇਆ ਹੈ। ਅਰਥਾਤ ਸਾਰੇ ਮਨੁੱਖ ਤੇ ਜੀਵ ਕਿਤੇ ਨਾ ਕਿਤੇ ਸਾਂਝੇ ਸੂਤਰ ਨਾਲ ਜੁੜੇ ਹੋਏ ਹਨ। ਇਸ ਲਈ ਜੇ ਮਨੁੱਖ ਨੇ ਪੂਰਨ ਸ਼ਾਂਤੀ ਨੂੰ ਮਾਨਣਾ ਹੈ ਤਾਂ ਉਸ ਨੂੰ ਨਫ਼ਰਤ ਦਾ ਰਾਹ ਛੱਡ ਕੇ ਇੱਕ ਦੂਜੇ ਨਾਲ ਸੱਚੇ ਤੇ ਮੋਹ ਭਿੱਜੇ ਰਿਸ਼ਤੇ ਜੋੜਨੇ ਹੋਣਗੇ। ਇਸੇ ਨੂੰ ਗੁਰਬਾਣੀ 'ਖਾਲਕ ਖਲਕ ਖਲਕ ਮਹਿ ਖਾਲਕ' ਆਖਦੀ ਹੈ। ਕਵੀ ਇਸੇ ਤਰ੍ਹਾਂ ਦੇ ਵਿਚਾਰ ਆਪਣੇ ਅੰਦਾਜ਼ ਵਿੱਚ ਪ੍ਰਗਟ ਕਰਦਾ ਹੈ,

ਰਿਸ਼ਤੇ ਜੋ ਜਾਤਾਂ ਮਜ਼ਹਬਾਂ ਦੇ
ਸਭ ਕੂੜ ਹੈ ਕਪਟ ਅਡੰਬਰ ਦਾ
ਜੱਗ ਜਿਉਂਦਾ ਰਿਸ਼ਤਾ ਮਿੱਟੀ ਦਾ
ਇਕ ਰਿਸ਼ਤਾ ਨਿਭਦਾ ਅੰਦਰ ਦਾ
ਜਾਂ ਰਿਸ਼ਤਾ ਸੁੱਚਾ ਸ਼ਬਦਾਂ ਦਾ
ਜੋ ਉਮਰੋਂ ਬਾਅਦ ਵੀ ਨਾਲ ਰਹੇ।
(ਹਜ਼ਾਰ ਹਰਫ਼ ਹਮੇਸ਼, ਪੰਨਾ 52)

ਕਵੀ ਅਨੁਸਾਰ ਕਵਿਤਾ ਵਿੱਚ ਵਿਚਾਰ ਹਨ੍ਹੇਰੇ ਦਾ ਪਾਜ ਖੋਲ੍ਹਦੇ ਤੇ ਲੋਕ ਕਲਿਆਣ ਦੀ ਪੈਰਵੀ ਕਰਨ ਵਾਲੇ ਹੋਣੇ ਚਾਹੀਦੇ ਹਨ। ਪਰਿਪੱਕ ਵਿਚਾਰਾਂ ਦੀ ਅਣਹੋਂਦ ਦਾ ਖੱਪਾ ਸ਼ਬਦ-ਜੜ੍ਹਤ ਨਾਲ ਭਰਨ ਵਾਲੇ ਸ਼ਾਇਰਾਂ 'ਤੇ ਉਹ ਵਿਅੰਗ ਕਰਦਾ ਹੈ। ਵਿਰਕ ਨੂੰ ਇਸ ਗੱਲ ਦਾ ਵੀ ਰੰਜ ਹੈ ਕਿ ਅਜੋਕੇ ਸਾਹਿਤ ਆਲੋਚਕ ਸਾਹਿਤ ਕਿਰਤਾਂ ਦਾ ਨਿਰਪੱਖ ਮੁਲਾਂਕਣ ਕਰਨ ਦੀ ਥਾਂ ਧੜੇਬੰਦੀਆਂ ਦਾ ਸ਼ਿਕਾਰ ਹੋਏ ਆਪਣੇ ਰੁਤਬੇ ਦੇ ਹੰਕਾਰ ਵਿੱਚ ਦੂਜਿਆਂ ਨੂੰ ਨਿੰਦਦੇ ਹਨ। ''ਵਿਰਕ ਸ਼ਾਇਰੀ ਵਿਚ ਸ਼ਬਦਾਂ ਦੇ ਸੱਚ ਤੇ ਸੁੱਚ ਦੀ ਵਜਾਹਤ ਹਿਤ ਜੂਝਣ ਵਾਲਾ ਕਵੀ ਹੈ। ਉਹਦੇ ਲਈ ਕਵਿਤਾ ਦੇ ਪਰੰਪਰਾਮਈ ਜਾਂ ਆਧੁਨਿਕ ਜਾਂ ਫਿਰ ਉੱਤਰ-ਆਧੁਨਿਕ ਹੋਣ ਦੇ ਝੜੇ-ਝਾਜੇ ਬਹੁਤਾ ਅਰਥ ਨਹੀਂ ਰੱਖਦੇ, ਇਸ ਨੂੰ ਉਹ ਇਲਮ ਦੇ ਖੇਤਰ ਦੇ 'ਵੱਡੇ ਮੁਣਸ਼ੀਆਂ' ਦੀ ਜਿਹਨੀ ਫਤੂਰ ਕਹਿ ਕੇ ਸੁਰਖ਼ਰੂ ਮਹਿਸੂਸ ਕਰਦਾ ਹੈ। ਬਸ ! ਉਹਦੇ ਲਈ ਕਾਫ਼ੀ ਹੈ, ਸ਼ਾਇਰੀ ਦੀ ਲੋਕ-ਮਨਾਂ ਤੱਕ ਰਸਾਈ ਤੇ ਦਰਦ ਕਮਾਉਣ, ਪ੍ਰਗਟਾਉਣ ਤੇ ਵੰਡਾਉਣ ਹਿਤ ਘਾਲੀ ਘਾਲਣਾ ਦੀ ਕਾਵਿ ਕਮਾਈ।''[4] ਉਹ ਕਹਿੰਦਾ ਹੈ,

ਮੇਰੇ ਸ਼ਾਇਰ ਯਾਰ ਤਪੱਸਵੀ ਨੇ
ਹਰ੍ਹਾਂ ਨੂੰ ਬਹੁਤ ਧਿਆਉਂਦੇ ਨੇ
ਸਦਾ ਤੋਲ ਤੁਕਾਂਤ ਤਰਤੀਬ ਰਹੇ
ਸ਼ਬਦਾਂ ਨੂੰ ਸੋਹਜ ਸਿਖਾਉਂਦੇ ਨੇ
ਅਰਥਾਂ ਦੇ ਅਦਬ ਦੀ ਨਹੀਂ ਚਿੰਤਾ
ਚਿੰਤਨ ਦੀ ਸੂਲੀ ਕੌਣ ਚੜ੍ਹੇ
(ਹਜ਼ਾਰ ਹਰਫ਼ ਹਮੇਸ਼, ਪੰਨਾ 40)
ਜੋ ਅਦਬ ਅਦੀਬ ਆਲੋਚਕ ਨੇ
ਬੜੀ ਸਾਹਿਤ ਤਪੱਸਿਆ ਕਰਦੇ ਨੇ
ਧੜਿਆਂ ਦਾ ਧੂੰਆਂ ਧੁਖਾਉਂਦੇ ਨੇ
ਹਉਮੈਂ ਦੀ ਧੂਣੀ ਸੜਦੇ ਨੇ
ਰੁਤਬੇ ਦਾ ਸਿਰ ਸਿਰਤਾਜ ਰਹੇ
ਗਰਜ਼ਾਂ ਦੀ ਗੁਾ ਧਿਆਨ ਧਰੇ
(ਹਜ਼ਾਰ ਹਰਫ਼ ਹਮੇਸ਼, ਪੰਨਾ 41)

ਭਾਵੇਂ ਵਿਰਕ-ਕਾਵਿ ਮਾਨਵਵਾਦੀ ਵਿਚਾਰਧਾਰਾ ਨਾਲ ਸੰਬੰਧਿਤ ਹੈ ਪਰੰਤੂ ਸ਼ਾਇਰ ਇਸ ਗੱਲ ਪ੍ਰਤਿ ਵੀ ਸੁਚੇਤ ਹੈ ਕਿ ਜੇਕਰ ਮਨੁੱਖਤਾ ਦਾ ਕਲਿਆਣ ਕਰਨਾ ਹੈ ਤਾ ਅਮਾਨਵਵਾਦੀ ਵਿਚਾਰਧਾਰਾ ਖ਼ਿਲਾਫ਼ ਜੂਝਣਾ ਜ਼ਰੂਰੀ ਹੈ। ਇਸ ਕਰਕੇ ਅਨੂਪ ਵਿਰਕ ਕਈ ਥਾਈਂ ਸੰਘਰਸ਼ ਚੇਤਨਾ ਦੀ ਹਾਮੀ ਭਰਦਾ ਵੀ ਨਜ਼ਰ ਆਉਂਦਾ ਹੈ। ਇਸੇ ਮਾਨਵਵਾਦੀ ਤੇ ਪ੍ਰਗਤੀ ਚੇਤਨਾ ਦੇ ਪ੍ਰਭਾਵ ਕਾਰਨ ਹੀ ਉਹ ਜੰਗ ਦਾ ਵਿਰੋਧ ਕਰਦਾ ਹੈ ਅਤੇ ਮਨੁੱਖਤਾ ਦੇ ਆਪਸੀ ਮਿਲਵਰਤਨ ਉੱਤੇ ਜ਼ੋਰ ਦਿੰਦਾ ਹੈ,

ਜੇਹੜੇ ਕਾਲਖਾਂ ਦੀ ਮਹਿਫ਼ਲਾਂ 'ਚ ਗੀਤ ਗਾਣਗੇ
ਉਹ ਰਾਤ ਦੇ ਹਨ੍ਹੇਰੇ ਵਾਂਗੂ ਮੁੱਕ ਜਾਣਗੇ
ਸਹੁੰ ਧਰਤੀ ਦੀ ਜਿੰਦ ਨਾ ਪਿਆਰੀ ਰੱਖਾਂਗੇ
ਲੋਕ-ਮੁਕਤੀ ਦੇ ਲਈ ਜੰਗ ਜਾਰੀ ਰੱਖਾਂਗੇ
(ਹਜ਼ਾਰ ਹਰਫ਼ ਹਮੇਸ਼, ਪੰਨਾ 132-133)
ਚੜੇ ਹਾਕਮਾਂ ਦੇ ਟੇਟੇ
ਜਿਨ੍ਹਾਂ ਵੇਚੇ ਸਾਡੇ ਬੇਟੇ
ਸਾਡੇ ਚਿਤ ਨਾ ਇਹ ਚੇਤੇ
ਕਦੀ ਜੰਗ ਨੇ ਹੈ ਕੁਝ ਵੀ ਸੁਆਰਿਆ
ਕੌਣ ਜਿੱਤਿਆ ਤੇ ਕੌਣ ਏਥੇ ਹਾਰਿਆ
ਗੋਲੀ ਜਿਸ ਨੂੰ ਵੀ ਲੱਗੀ
ਸੀਨੇ ਮਮਤਾ ਦੇ ਵੱਜੀ
ਬਾਂਹ ਭਾਈਆਂ ਦੀ ਹੀ ਭੱਜੀ
ਧੀਆਂ ਭੈਣਾਂ ਸਿਰੋਂ ਸਾਲੂ ਹੈ ਉਤਾਰਿਆ
ਕੌਣ ਜਿੱਤਿਆ ਤੇ ਕੌਣ ਏਥੇ ਹਾਰਿਆ
(ਹਜ਼ਾਰ ਹਰਫ਼ ਹਮੇਸ਼, ਪੰਨਾ 318)

ਅਨੂਪ ਵਿਰਕ ਦੀ ਕਵਿਤਾ ਵਿੱਚ ਕਿਤੇ-ਕਿਤੇ ਰਹੱਸ ਛੋਹਾਂ ਵੀ ਪ੍ਰਾਪਤ ਹਨ। ਕਵੀ ਬਾਹਰੀ ਦਿੱਸਦੇ ਜਗਤ ਦੀ ਥਾਂ ਅਸਲ ਖੇੜਾ ਤੇ ਸ਼ਾਂਤੀ ਪ੍ਰਾਪਤ ਕਰਨ ਲਈ ਆਪਣੇ ਆਤਮ ਨਾਲ ਜੁੜਨ ਦੀ ਪ੍ਰੇਰਨਾ ਦਿੰਦਾ ਕਹਿੰਦਾ ਹੈ,

ਜੁੜ ਜਾ ਤੂੰ ਆਪਣੇ ਨਾਲ ਜੋਗੀਆ
ਜੁੜ ਜਾ ਤੂੰ ਆਪਣੇ ਨਾਲ
ਜ਼ਰਾ ਅੰਦਰ ਝਾਤੀ ਮਾਰ ਜੋਗੀਆ
. . . . . . . . . . . . . . . .
. . . . . . . . . . . . . . . .
. . . . . . . . . . . . . . . .
ਚਾਰ ਚੁਫ਼ੇਰੇ ਬਹੁਤ ਹਨੇਰਾ
ਅੰਦਰ ਪੀਰ ਪੈਗੰਬਰਾਂ ਡੇਰਾ
ਅੰਦਰ ਤੇਰੇ ਸਦਾ ਸਵੇਰਾ
ਜੋੜ ਸੁਰਤ ਨਾਲ ਤਾਰ ਜੋਗੀਆ
ਜੁੜ ਜਾ ਤੂੰ ਆਪਣੇ ਨਾਲ
(ਹਜ਼ਾਰ ਹਰਫ਼ ਹਮੇਸ਼, ਪੰਨਾ 156)

ਇਸ ਤਰ੍ਹਾਂ ਅਨੂਪ ਵਿਰਕ ਇੱਕ ਮਾਨਵਵਾਦੀ ਕਵੀ ਹੈ। ਉਸ ਦੀ ਕਵਿਤਾ ਵਿੱਚ ਪੰਜਾਬੀਅਤ ਲਈ ਮੋਹ ਤੇ ਪਿਆਰ ਹੈ, ਪੰਜਾਬ ਤੇ ਪੰਜਾਬੀ ਬੰਦੇ ਨੂੰ ਖੋਰਾ ਲਾਉਣ ਵਾਲੀਆਂ ਰੁਚੀਆਂ ਪ੍ਰਤਿ ਚਿੰਤਾ ਹੈ ਅਤੇ ਮਨੁੱਖਤਾ ਲਈ ਪ੍ਰੇਮ ਤੇ ਭਾਈਚਾਰੇ ਦਾ ਸੰਦੇਸ਼ ਹੈ। ਉਹ ਸਾਰੀ ਮਨੁੱਖਤਾ ਨੂੰ ਇੱਕ ਅੱਖ ਨਾਲ ਵੇਖਣ ਵਾਲਾ ਕਵੀ ਹੈ ਅਤੇ ਉਸ ਦੀ ਕਵਿਤਾ ਅਜਿਹੀ ਹਰ ਬਿਰਤੀ ਦੀ ਖ਼ਿਲਾਫ਼ਤ ਕਰਦੀ ਹੈ ਜਿਹੜੀ ਮਨੁੱਖਤਾ ਵਿੱਚ ਵੰਡੀਆਂ ਪਾ ਕੇ ਮਨੁੱਖ ਨੂੰ ਮਨੁੱਖ ਦਾ ਵਿਰੋਧੀ ਬਣਾਉਂਦੀ ਹੈ।

## ਹਵਾਲੇ ਤੇ ਟਿੱਪਣੀਆਂ


1. ਅਨੂਪ ਵਿਰਕ, ਹਜ਼ਾਰ ਹਰਫ਼ ਹਮੇਸ਼, ਪੰਨਾ 13
2. ਹਰਿਭਜਨ ਸਿੰਘ, ਸਾਹਿਤ ਸ਼ਾਸਤਰ, ਪੰਨਾ 8
3. ਡਾ. ਸੁਦਰਸ਼ਨ ਗਾਸੋ, ਪੰਜਾਬੀ ਕਵਿਤਾ ਵਿਸ਼ਲੇਸ਼ਣ ਤੇ ਮੁੱਲਾਂਕਣ, ਪੰਨਾ 21
4. ਸੁਰਜੀਤ ਜੱਜ, ਹਜ਼ਾਰ ਹਰਫ਼ ਹਮੇਸ਼, ਪੰਨਾ 341